ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਅਨ ਵੀਜ਼ਾ OCI & Passport Renewal 514-389-7070
12 Beds, 7 Baths For 24 Guests 905-965-4644
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਲੀਗਲ ਸੇਵਾਵਾਂ 905-913-2355
ਦੰਦ ਲਗਵਾਓ FREE ਮੁਫ਼ਤ 905-458-3344 With CDCP

ਭਾਰਤ ਦੇ ਦੁਸ਼ਮਣਾਂ ਖ਼ਿਲਾਫ਼ ਐਕਸ਼ਨ ਦੀ ਤਿਆਰੀ 'ਚ Canada



ਔਟਵਾ: ਕੈਨੇਡਾ ਦੇ ਪ੍ਰਧਾਨ ਮੰਤਰੀ **Mark Carney** ਦੀ ਭਾਰਤ ਫ਼ੇਰੀ ਤੋਂ ਪਹਿਲਾਂ ਕੈਨੇਡਾ ਦੀ ਸਰਕਾਰ ਨੇ 2008 ਦੇ ਮੁੰਬਈ ਅਤਿਵਾਦੀ ਹਮਲਿਆਂ (26/11) ਦੇ ਮੁੱਖ ਸਾਜ਼ਿਸ਼ਕਰਤਾ ਅਤੇ ਪਾਕਿਸਤਾਨੀ ਮੂਲ ਦੇ ਕਾਰੋਬਾਰੀ ਤਹੱਵੁਰ ਰਾਣਾ ਦੀ ਨਾਗਰਿਕਤਾ ਰੱਦ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਰਾਣਾ 'ਤੇ ਅਤਿਵਾਦੀ ਡੇਵਿਡ ਕੋਲਮੈਨ ਹੈਡਲੀ ਨਾਲ ਮਿਲ ਕੇ ਮੁੰਬਈ ਹਮਲਿਆਂ ਦੀ ਸਾਜ਼ਿਸ਼ ਰਚਣ ਦਾ ਦੋਸ਼ ਹੈ।

ਇਮੀਗ੍ਰੇਸ਼ਨ, ਰੈਫ਼ਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਅਨੁਸਾਰ ਰਾਣਾ ਦੀ ਨਾਗਰਿਕਤਾ ਅਤਿਵਾਦ ਦੇ ਦੋਸ਼ਾਂ ਕਾਰਨ ਨਹੀਂ ਸਗੋਂ ਐਪਲੀਕੇਸ਼ਨ ਫ਼ਾਰਮ 'ਚ ਦਿੱਤੀ ਗਈ ਗ਼ਲਤ ਜਾਣਕਾਰੀ ਕਾਰਨ ਰੱਦ ਕੀਤੀ ਜਾ ਰਹੀ ਹੈ। ਜਦੋਂ ਰਾਣਾ ਨੇ ਸਾਲ 2000 'ਚ ਨਾਗਰਿਕਤਾ ਲਈ ਐਪਲਾਈ ਕੀਤਾ ਸੀ ਤਾਂ ਉਸ ਨੇ ਦਾਅਵਾ ਕੀਤਾ ਸੀ ਕਿ ਉਹ ਪਿਛਲੇ ਚਾਰ ਸਾਲਾਂ ਤੋਂ ਔਟਵਾ ਅਤੇ ਟੋਰੌਂਟੋ 'ਚ ਰਹਿ ਰਿਹਾ ਸੀ।

RCMP ਦੀ ਜਾਂਚ 'ਚ ਖ਼ੁਲਾਸਾ ਹੋਇਆ ਕਿ ਉਸ ਸਮੇਂ ਦੌਰਾਨ ਉਹ ਲੱਗਭਗ ਸਾਰਾ ਸਮਾਂ ਸ਼ਿਕਾਗੋ (**US**) 'ਚ ਸੀ ਜਿੱਥੇ ਉਹ ਇੱਕ ਇਮੀਗ੍ਰੇਸ਼ਨ ਫ਼ਰਮ ਅਤੇ ਗਰੌਸਰੀ ਸਟੋਰ ਸਮੇਤ ਕਈ ਕਾਰੋਬਾਰ ਚਲਾ ਰਿਹਾ ਸੀ। 64 ਸਾਲਾ ਰਾਣਾ ਨੂੰ ਅਪ੍ਰੈਲ 2025 'ਚ **US** ਤੋਂ ਭਾਰਤ ਦੇ ਹਵਾਲੇ ਕੀਤਾ ਗਿਆ ਸੀ ਜਿੱਥੇ ਨਵੀਂ ਦਿੱਲੀ ਉਤਰਦੇ ਹੀ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

ਕੈਨੇਡਾ ਸਰਕਾਰ ਨੇ ਇਸ ਮਾਮਲੇ ਨੂੰ ਫ਼ੈਡਰਲ ਕੋਰਟ 'ਚ ਭੇਜ ਦਿੱਤਾ ਹੈ ਜੋ ਨਾਗਰਿਕਤਾ ਰੱਦ ਕਰਨ ਦਾ ਅੰਤਿਮ ਫ਼ੈਸਲਾ ਕਰੇਗੀ। ਸਰਕਾਰੀ ਵਕੀਲਾਂ ਨੇ ਅਦਾਲਤ ਤੋਂ ਰਾਸ਼ਟਰੀ ਸੁਰੱਖਿਆ ਨਾਲ ਜੁੜੀ ਸੰਵੇਦਨਸ਼ੀਲ ਜਾਣਕਾਰੀ ਨੂੰ ਗੁਪਤ ਰੱਖਣ ਦੀ ਇਜਾਜ਼ਤ ਵੀ ਮੰਗੀ ਹੈ।

ਟੋਰੌਂਟੋ ਦੇ ਇੱਕ ਇਮੀਗ੍ਰੇਸ਼ਨ ਵਕੀਲ ਨੇ ਇਸ ਫ਼ੈਸਲੇ ਵਿਰੁੱਧ ਅਪੀਲ ਕੀਤੀ ਹੈ ਜਿਸ 'ਚ ਇਸ ਨੂੰ ਅਣਉਚਿਤ ਅਤੇ ਰਾਣਾ ਦੇ ਅਧਿਕਾਰਾਂ ਦੀ ਉਲੰਘਣਾ ਦੱਸਿਆ ਗਿਆ ਹੈ। ਕੈਨੇਡਾ ਸਰਕਾਰ ਅਨੁਸਾਰ ਇਹ ਕਦਮ ਦੇਸ਼ ਦੀ ਨਾਗਰਿਕਤਾ ਪ੍ਰਣਾਲੀ ਦੀ ਪਾਰਦਰਸ਼ਤਾ ਅਤੇ ਮਰਿਆਦਾ ਨੂੰ ਬਣਾਈ ਰੱਖਣ ਲਈ ਬਹੁਤ ਮਹੱਤਵਪੂਰਣ ਹੈ।

ਜ਼ਿਕਰਯੋਗ ਹੈ ਕਿ ਸਾਲ 2008 'ਚ ਹੋਏ ਮੁੰਬਈ ਹਮਲਿਆਂ 'ਚ 166 ਲੋਕਾਂ ਦੀ ਜਾਨ ਗਈ ਸੀ, ਅਤੇ ਰਾਣਾ ਇਸ ਕਤਲੇਆਮ ਦੇ ਮੁੱਖ ਦੋਸ਼ੀਆਂ 'ਚੋਂ ਇੱਕ ਹੈ। ਉਸ ਦੀ ਨਾਗਰਿਕਤਾ ਰੱਦ ਕਰਨ ਵੱਲ ਚੁੱਕਿਆ ਗਿਆ ਕਦਮ ਭਾਰਤ ਤੇ ਕੈਨੇਡਾ ਦੇ ਰਿਸ਼ਤਿਆਂ ਦੇ ਮੁੜ ਲੀਹ 'ਤੇ ਆਉਣ ਦੀ ਪੈਰਵੀ ਕਰਦਾ ਹੈ।

ਦੰਦ ਲਗਵਾਓ FREE ਮੁਫ਼ਤ 905-458-3344 With CDCP
ਕਰਜੇ ਤੋਂ ਪਰੇਸ਼ਾਨ ? ਮਦਦ ਕਰ ਸਕਦੇ ਹਾਂ 905-783-1922
Vistor Visa 'ਤੇ ਹੋ Work Permit ਖ਼ਤਮ PR ਲਓ 416-848-3930
ਲੀਗਲ ਸੇਵਾਵਾਂ 905-913-2355
ਵਕੀਲ ਦੀ ਲੋੜ ? 905-362-0755
ਦੰਦ ਲਗਵਾਓ FREE ਮੁਫ਼ਤ 905-458-3344 With CDCP
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100

ਸੱਚ ਹੋਵੇਗੀ ਬਾਬਾ ਵੈਂਗਾ ਦੀ ਇੱਕ ਹੋਰ ਭਵਿੱਖਬਾਣੀ ਅਤੇ Trump ਖੋਲ੍ਹੇਗਾ Aliens ਦੇ ਰਾਜ਼



ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ **Donald Trump** ਦੇ ਇੱਕ ਹਾਲੀਆ ਫ਼ੈਸਲੇ ਨੇ ਪੂਰੀ ਦੁਨੀਆਂ 'ਚ ਸਨਸਨੀ ਪੈਦਾ ਕਰ ਦਿੱਤੀ ਹੈ। **Trump** ਨੇ ਰੱਖਿਆ ਮੰਤਰੀ ਪੀਟ ਹੈਗਸੈੱਥ ਅਤੇ ਪੈਂਟੇਗੌਨ ਨੂੰ **Aliens** ਅਤੇ **UFO** (ਅਣਪਛਾਤੀਆਂ ਉਡਦੀਆਂ ਵਸਤੂਆਂ) ਨਾਲ ਸਬੰਧਤ ਸਾਰੀਆਂ ਗੁਪਤ ਸਰਕਾਰੀ ਫ਼ਾਈਲਾਂ ਨੂੰ ਜਨਤਕ ਕਰਨ ਦਾ ਹੁਕਮ ਦਿੱਤਾ ਹੈ। **Trump** ਦੇ ਇਸ ਕਦਮ ਤੋਂ ਬਾਅਦ ਲੋਕਾਂ 'ਚ ਮਸ਼ਹੂਰ ਬੁਲਗਾਰੀਆਈ ਰਹੱਸਵਾਦੀ **Baba Vanga** ਦੀਆਂ ਦਹਾਕਿਆਂ ਪੁਰਾਣੀਆਂ ਭਵਿੱਖਬਾਣੀਆਂ ਬਾਰੇ ਚਰਚਾ ਫ਼ਿਰ ਤੋਂ ਤੇਜ਼ ਹੋ ਗਈ ਹੈ।

ਓਬਾਮਾ ਦੇ ਬਿਆਨ 'ਤੇ ਟਰੰਪ ਦੀ ਤਿੱਖੀ ਪ੍ਰਤੀਕਿਰਿਆ: ਇਹ ਵਿਵਾਦ ਓਦੋਂ ਸ਼ੁਰੂ ਹੋਇਆ ਜਦੋਂ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਹਾਲ ਹੀ 'ਚ ਇੱਕ ਇੰਟਰਵਿਊ ਦੌਰਾਨ ਕਿਹਾ ਸੀ ਕਿ **Aliens** ਅਸਲੀ ਹਨ। **Trump** ਨੇ **Obama** ਦੇ ਇਸ ਬਿਆਨ ਦੀ ਸਖ਼ਤ ਆਲੋਚਨਾ ਕਰਦਿਆਂ ਇਸ ਨੂੰ ਕਲਾਸੀਫ਼ਾਈਡ ਜਾਣਕਾਰੀ ਲੀਕ ਕਰਨਾ ਦੱਸਿਆ ਸੀ। ਹੁਣ **Trump** ਖ਼ੁਦ **UFO** ਅਤੇ **Aliens** 'ਤੇ ਕੇਂਦਰਿਤ ਇੱਕ ਪ੍ਰੈੱਸ ਕਾਨਫ਼ਰੰਸ ਕਰਨ ਦੀ ਤਿਆਰੀ ਕਰ ਰਹੇ ਹਨ।

Baba Vanga ਦੇ ਸਮਰਥਕਾਂ ਅਨੁਸਾਰ ਉਨ੍ਹਾਂ ਨੇ ਭਵਿੱਖਬਾਣੀ ਕੀਤੀ ਸੀ ਕਿ ਨਵੰਬਰ 2026 'ਚ ਇਨਸਾਨਾਂ ਦਾ ਪਹਿਲੀ ਵਾਰ **Aliens** ਨਾਲ ਸੰਪਰਕ ਹੋਵੇਗਾ। ਦਾਅਵਿਆਂ ਮੁਤਾਬਿਕ ਇੱਕ ਵਿਸ਼ਾਲ ਸਪੇਸਕ੍ਰਾਫ਼ਟ ਧਰਤੀ ਦੇ ਵਾਯੂਮੰਡਲ 'ਚ ਦਾਖਲ ਹੋਵੇਗਾ ਜੋ **Alien** ਜੀਵਨ ਦਾ ਅਟੱਲ ਸਬੂਤ ਪੇਸ਼ ਕਰੇਗਾ। ਹਾਲਾਂਕਿ ਉਨ੍ਹਾਂ ਨੇ ਇਹ ਨਹੀਂ ਸੀ ਦੱਸਿਆ ਕਿ ਇਨ੍ਹਾਂ ਏਲੀਅਨਜ਼ ਦੇ ਇਰਾਦੇ ਕੀ ਹੋਣਗੇ।

Baba Vanga ਨੇ ਕਿਹਾ ਸੀ ਕਿ ਇਨਸਾਨ **Aliens** ਦੀ ਮਦਦ ਨਾਲ ਪਾਣੀ ਦੇ ਅੰਦਰ ਸ਼ਹਿਰ ਬਣਾਉਣਗੇ। ਦੂਜੇ ਪਾਸੇ, ਆਲੋਚਕ ਇਨ੍ਹਾਂ ਦਾਅਵਿਆਂ 'ਤੇ ਸਵਾਲ ਚੁੱਕ ਰਹੇ ਹਨ। ਬਾਬਾ ਵੈਂਗਾ ਦੀਆਂ ਭਵਿੱਖਬਾਣੀਆਂ ਦਾ ਕੋਈ ਲਿਖਤੀ ਰਿਕਾਰਡ ਨਹੀਂ; ਇਹ ਸਭ ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਭਤੀਜੀ ਅਤੇ ਪੈਰੋਕਾਰਾਂ ਦੁਆਰਾ ਸਾਂਝਾ ਕੀਤਾ ਗਿਆ ਸੀ। ਆਲੋਚਕਾਂ ਦਾ ਕਹਿਣਾ ਹੈ ਕਿ ਪਹਿਲਾਂ ਵੀ ਉਨ੍ਹਾਂ ਦੀਆਂ ਕਈ ਭਵਿੱਖਬਾਣੀਆਂ ਜਿਵੇਂ ਕਿ 2010-2016 'ਚ ਪ੍ਰਮਾਣੂ ਜੰਗ ਜਾਂ 2016 ਤਕ ਯੌਰਪ ਦਾ ਸੁਨਸਾਨ ਹੋਣਾ, ਗ਼ਲਤ ਸਾਬਿਤ ਹੋ ਚੁੱਕੀਆਂ ਹਨ।

ਫ਼ਿਲਹਾਲ, ਅਮਰੀਕੀ ਸਰਕਾਰ ਦਾ ਅਧਿਕਾਰਤ ਪੱਖ ਇਹੀ ਰਿਹਾ ਹੈ ਕਿ **Aliens** ਦੀ ਮੌਜੂਦਗੀ ਦਾ ਕੋਈ ਪੁਖਤਾ ਭੌਤਿਕ ਸਬੂਤ ਨਹੀਂ, ਪਰ **Trump** ਦੇ ਫ਼ਾਈਲਾਂ ਖੋਲ੍ਹਣ ਦੇ ਹੁਕਮ ਨੇ ਪੂਰੀ ਦੁਨੀਆਂ ਦੀਆਂ ਨਜ਼ਰਾਂ ਹੁਣ ਪੈਂਟੇਗੌਨ ਦੇ ਅਗਲੇ ਖ਼ੁਲਾਸੇ 'ਤੇ ਟਿਕਾ ਦਿੱਤੀਆਂ ਹਨ।

Vistor Visa 'ਤੇ ਹੋ Work Permit ਖ਼ਤਮ PR ਲਓ 416-848-3930
Security Cameras CCTV Live Monitoring 647-863-9232
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977

ਕੈਨੇਡਾ 'ਚ ਇੱਕ ਵਾਰ ਫ਼ਿਰ ਚੱਲੀਆਂ ਗੋਲੀਆਂ, ਲੌਰੈਂਸ ਦੇ ਸਾਥੀਆਂ ਨੇ ਲਈ ਜ਼ਿੰਮੇਵਾਰੀ



ਵੈਨਕੂਵਰ: **Canada** 'ਚ ਗੈਂਗਵਾਰ ਦੀਆਂ ਘਟਨਾਵਾਂ ਆਪਣੇ ਪੂਰੇ ਜੋਬਨ 'ਤੇ ਹਨ। ਇਸੇ ਦੌਰਾਨ ਲੌਰੈਂਸ ਬਿਸ਼ਨੋਈ ਗੈਂਗ ਨੇ ਇੱਕ ਵਾਰ ਫ਼ਿਰ **Canada** ਦੀ ਧਰਤੀ 'ਤੇ ਆਪਣੀ ਮੌਜੂਦਗੀ ਦਰਜ ਕਰਵਾਈ ਹੈ। ਇੱਕ ਤਾਜ਼ਾ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ ਜਿਸ 'ਚ ਦੋ ਸ਼ੂਟਰਜ਼ ਇੱਕ ਘਰ 'ਤੇ ਅੰਨ੍ਹੇਵਾਹ ਫ਼ਾਇਰਿੰਗ ਕਰਦੇ ਨਜ਼ਰ ਆ ਰਹੇ ਹਨ।

ਵਾਇਰਲ ਵੀਡੀਓ 'ਚ ਫ਼ਾਇਰਿੰਗ ਕਰਨ ਵਾਲੇ ਸ਼ੂਟਰਾਂ ਦੀ ਪਛਾਣ ਆਰਜ਼ੂ ਅਤੇ ਟਾਇਸਨ ਵਜੋਂ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਦੋਵੇਂ ਗੈਂਗ ਦੇ ਨਵੇਂ ਅਤੇ ਸਰਗਰਮ ਮੈਂਬਰ ਹਨ। ਇਹ ਫ਼ਾਇਰਿੰਗ **Canada** 'ਚ ਇੱਕ ਡਰੱਗ ਮਾਫ਼ੀਆ ਸਰਗਨਾ ਦੇ ਘਰ 'ਤੇ ਕੀਤੀ ਗਈ ਹੈ। ਗੈਂਗ ਦਾ ਦਾਅਵਾ ਹੈ ਕਿ ਇਹ ਹਮਲਾ ਵਿਰੋਧੀ ਧਿਰ ਨੂੰ ਸਬਕ ਸਿਖਾਉਣ ਲਈ ਕੀਤਾ ਗਿਆ ਸੀ।

ਲੌਰੈਂਸ ਬਿਸ਼ਨੋਈ ਗੈਂਗ ਨੇ ਸੋਸ਼ਲ ਮੀਡੀਆ 'ਤੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਇਸ ਦੇ ਨਾਲ ਹੀ ਸੁਭਵ ਲੋਢਕਰ ਦਾ ਨਾਂ ਵੀ ਸਾਹਮਣੇ ਆਇਆ ਹੈ ਜੋ ਪੁਣੇ ਦੇ ਬਾਬਾ ਸੀਤਾ ਕਤਲ ਕੇਸ 'ਚ ਲੋੜੀਂਦਾ ਹੈ ਅਤੇ ਹੁਣ ਕੈਨੇਡਾ 'ਚ ਬਿਸ਼ਨੋਈ ਗੈਂਗ ਲਈ ਕੰਮ ਕਰ ਰਿਹਾ ਹੈ।

ਜਿਕਰਯੋਗ ਹੈ ਕਿ ਜਦੋਂ ਤੋਂ **Canada** ਸਰਕਾਰ ਨੇ ਲੌਰੈਂਸ ਬਿਸ਼ਨੋਈ ਗੈਂਗ ਨੂੰ ਇੱਕ ਅਤਿਵਾਦੀ ਸੰਗਠਨ ਵਜੋਂ ਸੂਚੀਬੱਧ ਕੀਤਾ ਹੈ, ਓਦੋਂ ਤੋਂ ਗੈਂਗ ਦੀਆਂ ਗਤੀਵਿਧੀਆਂ 'ਚ ਤੇਜ਼ੀ ਦੇਖੀ ਜਾ ਰਹੀ ਹੈ। ਪਿਛਲੇ ਕੁੱਝ ਮਹੀਨਿਆਂ 'ਚ ਕੈਨੇਡਾ 'ਚ ਪੰਜਾਬੀ ਗਾਇਕਾਂ (ਜਿਵੇਂ ਏ. ਪੀ. ਢਿੱਲੋਂ ਅਤੇ ਚੰਨੀ ਨੱਤਣ) ਦੇ ਘਰਾਂ ਦੇ ਬਾਹਰ ਅਤੇ ਕਈ ਕਾਰੋਬਾਰੀਆਂ 'ਤੇ ਫ਼ਾਇਰਿੰਗ ਦੀਆਂ ਘਟਨਾਵਾਂ ਹੋ ਚੁੱਕੀਆਂ ਹਨ। ਫ਼ਿਲਹਾਲ **Canadian** ਪੁਲੀਸ ਅਤੇ ਖ਼ੁਫ਼ੀਆ ਏਜੰਸੀਆਂ ਇਨ੍ਹਾਂ ਹਮਲਿਆਂ ਦੀ ਬਾਰੀਕੀ ਨਾਲ ਜਾਂਚ ਕਰ ਰਹੀਆਂ ਹਨ।

ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਦੰਦਾਂ ਦੀ ਦੇਖਭਾਲ 647-625-7205
Security Cameras CCTV Live Monitoring 647-863-9232
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਲੀਗਲ ਸੇਵਾਵਾਂ 905-913-2355
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 905-595-1700

ਤੁਸੀਂ ਦੋ ਮਾਰੇ ਅਸੀਂ 10 ਮਾਰਾਂਗੇ, ਪੁਲੀਸ ਮੁਲਾਜ਼ਮਾਂ ਦੇ ਕਤਲ ਪਿੱਛੋਂ ਲੌਰੈਂਸ ਦੀ ਸਿੱਧੀ ਧਮਕੀ

ਗੁਰਦਾਸਪੁਰ: ਗੁਰਦਾਸਪੁਰ 'ਚ ਭਾਰਤ-ਪਾਕਿਸਤਾਨ ਸਰਹੱਦ ਨੇੜੇ ਆਦੀਆਂ ਪੁਲੀਸ ਚੌਕੀ 'ਚ ਡਿਊਟੀ 'ਤੇ ਤਾਇਨਾਤ **ASI** ਗੁਰਨਾਮ ਸਿੰਘ ਅਤੇ ਹੋਮਗਾਰਡ ਅਸ਼ੋਕ ਕੁਮਾਰ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਇਹ ਵਾਰਦਾਤ ਸ਼ਨੀਵਾਰ ਅਤੇ ਐਤਵਾਰ ਦੀ ਦਰਮਿਆਨੀ ਰਾਤ ਨੂੰ ਵਾਪਰੀ। ਹਾਲਾਂਕਿ ਅਤਿਵਾਦੀ ਤਹਿਰੀਕ-ਏ-ਤਾਲਿਬਾਨ ਹਿੰਦੁਸਤਾਨ ਨਾਮਕ ਸੰਗਠਨ ਨੇ ਇਸ ਕਤਲ ਦੀ ਜ਼ਿੰਮੇਵਾਰੀ ਪੋਸਟ ਪਾ ਕੇ ਲਈ ਜਿਸ ਤੋਂ ਬਾਅਦ ਇਸ ਮਾਮਲੇ 'ਚ ਨਵਾਂ ਮੋੜ ਉਸ ਵੇਲੇ ਆਇਆ ਜਦੋਂ ਲੌਰੈਂਸ ਗੈਂਗ ਵਲੋਂ ਐਂਟਰੀ ਕੀਤੀ ਗਈ।

ਜ਼ਿਕਰਯੋਗ ਹੈ ਕਿ ਲੌਰੈਂਸ ਗੈਂਗ ਦੇ ਗੈਂਗਸਟਰ ਹੈਰੀ ਬੌਕਸਰ ਨੇ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਅਤਿਵਾਦੀਆਂ ਨੂੰ ਸਿੱਧੀ ਧਮਕੀ ਦਿੱਤੀ ਹੈ। ਪੋਸਟ 'ਚ ਕਿਹਾ ਗਿਆ ਹੈ, "ਸਾਡੇ ਦੇਸ਼ ਦੇ ਦੋ ਯੋਗ ਅਤੇ ਇਮਾਨਦਾਰ ਅਫ਼ਸਰ ਅਤਿਵਾਦੀਆਂ ਦੁਆਰਾ ਸ਼ਹੀਦ ਕੀਤੇ ਗਏ ਹਨ। ਅਸੀਂ ਇਸ ਦਾ ਬਦਲਾ ਖ਼ੂਨ ਨਾਲ ਲਵਾਂਗੇ। ਤੁਸੀਂ ਦੋ ਸ਼ਹੀਦ ਕੀਤੇ ਹਨ, ਅਸੀਂ 10 ਨੂੰ ਮਾਰਾਂਗੇ। ਅਸੀਂ ਇਨ੍ਹਾਂ ਅਤਿਵਾਦੀਆਂ ਦਾ ਸਮਰਥਨ ਕਰਨ ਵਾਲੇ ਗ਼ਦਾਰ ਗੈਂਗਸਟਰਾਂ ਦੇ ਗਲੇ ਵੱਢ ਦਿਆਂਗੇ। ਅਸੀਂ ਉਨ੍ਹਾਂ ਲੋਕਾਂ ਦੀਆਂ ਅੱਖਾਂ ਕੱਢ ਦੇਵਾਂਗੇ ਜੋ ਦੇਸ਼ ਦੀ ਰੱਖਿਆ ਕਰਨ ਵਾਲੇ ਸੈਨਿਕਾਂ ਅਤੇ ਪ੍ਰਸ਼ਾਸ਼ਨ ਦਾ ਵਿਰੋਧ ਕਰਨ ਦੀ ਹਿੰਮਤ ਕਰਦੇ ਹਨ। ਲੌਰੈਂਸ ਬਿਸ਼ਨੋਈ ਸਮੂਹ ਤੁਹਾਨੂੰ ਅਜਿਹੀ ਭਿਆਨਕ ਮੌਤ ਦੇਵੇਗਾ ਕਿ ਕੋਈ ਵੀ ਦੁਬਾਰਾ ਅਜਿਹਾ ਕਰਨ ਦੀ ਹਿੰਮਤ ਨਹੀਂ ਕਰੇਗਾ।"ਲੌਰੈਂਸ ਸਮੂਹ ਵਲੋਂ ਇਹ ਸਿੱਧੀ ਧਮਕੀ ਅਤਿਵਾਦੀ ਸੰਗਠਨ ਤਹਿਰੀਕ-ਏ-ਤਾਲਿਬਾਨ ਹਿੰਦੁਸਤਾਨ ਨੂੰ ਦਿੱਤੀ ਗਈ ਹੈ ਜਿਸ ਨੇ ਕਤਲਾਂ ਦੀ ਜ਼ਿੰਮੇਵਾਰੀ ਲਈ ਸੀ। ਕੱਲ੍ਹ ਤਹਿਰੀਕ-ਏ-ਤਾਲਿਬਾਨ ਦੇ ਨਾਮ 'ਤੇ ਇੱਕ ਪੋਸਟ ਜਾਰੀ ਕੀਤੀ ਗਈ ਸੀ ਜਿਸ 'ਚ ਦਾਅਵਾ ਕੀਤਾ ਗਿਆ ਸੀ ਕਿ ਉਨ੍ਹਾਂ ਦੀ ਅਲ ਬੁਰਕਾ ਬ੍ਰਿਗੇਡ ਨੇ ਦੋ ਵਿਅਕਤੀਆਂ ਨੂੰ ਮਾਰ ਦਿੱਤਾ ਹੈ।

ਇਸ ਕਤਲ ਦੀ ਜ਼ਿੰਮੇਵਾਰੀ ਤਹਿਰੀਕ-ਏ-ਤਾਲਿਬਾਨ ਹਿੰਦੁਸਤਾਨ ਨਾਮਕ ਸੰਗਠਨ ਨੇ ਲਈ ਸੀ। ਸੰਗਠਨ ਵਲੋਂ ਜਾਰੀ ਕੀਤੇ ਗਏ ਇੱਕ ਪੋਸਟਰ 'ਚ ਇਸ ਹਮਲੇ ਨੂੰ ਗ਼ਜ਼ਵਾ-ਏ-ਹਿੰਦ ਦੀ ਸਫ਼ਲਤਾ ਦੱਸਿਆ ਗਿਆ ਹੈ, ਅਤੇ ਭਾਰਤੀ ਸੁਰੱਖਿਆ ਬਲਾਂ (ਪੁਲੀਸ, ਫ਼ੌਜ ਅਤੇ **BSF**) ਨੂੰ ਅਸਤੀਫ਼ਾ ਦੇਣ ਦੀ ਪਚਿਤਾਵਨੀ ਦਿੱਤੀ ਗਈ ਹੈ। ਅਜਿਹਾ ਨਾ ਕਰਨ 'ਤੇ ਉਨ੍ਹਾਂ ਨੂੰ ਘਰਾਂ 'ਚ ਨਿਸ਼ਾਨਾ ਬਣਾਉਣ ਦੀ ਧਮਕੀ ਦਿੱਤੀ ਗਈ ਹੈ। ਹਾਲਾਂਕਿ ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਭਾਰਤ 'ਚ ਅਜਿਹੇ ਕਿਸੇ ਸੰਗਠਨ ਦੀ ਮੌਜੂਦਗੀ ਨਹੀਂ, ਅਤੇ ਇਹ ਸਿਰਫ਼ ਇੱਕ ਪਾਕਿਸਤਾਨੀ ਪ੍ਰੋਪੇਗੈਂਡਾ ਹੋ ਸਕਦਾ ਹੈ ਜਿਸ ਤੋਂ ਬਾਅਦ ਲੌਰੈਂਸ ਗੈਂਗ ਨੇ ਵੀ ਇਸ ਮਾਮਲੇ 'ਚ ਐਂਟਰੀ ਕਰ ਲਈ ਹੈ।

ਇਸ ਵਾਰਦਾਤ ਦੀ ਵੀਡੀਓ ਪਾਕਿਸਤਾਨੀ ਡੌਨ ਸ਼ਹਿਜ਼ਾਦ ਭੱਟੀ ਨੇ ਜਾਰੀ ਕੀਤੀ ਸੀ ਜੋ ਕਿ ਬਹੁਤ ਵਾਇਰਲ ਰਹੀ ਹੈ। ਵਾਇਰਲ ਵੀਡੀਓ 'ਚ **ASI** ਗੁਰਨਾਮ ਸਿੰਘ ਨੂੰ ਬਹੁਤ ਨੇੜੇ ਤੋਂ ਗੋਲੀ ਮਾਰਦੇ ਦਿਖਾਇਆ ਗਿਆ ਹੈ। ਜਾਣਕਾਰੀ ਮੁਤਾਬਿਕ **ASI** ਦੀ ਲਾਸ਼ ਚੌਕੀ ਦੇ ਅੰਦਰ ਕੁਰਸੀ 'ਤੇ ਬੈਠੀ ਹਾਲਤ 'ਚ ਮਿਲੀ ਜਦੋਂ ਕਿ ਹੋਮਗਾਰਡ ਦੀ ਲਾਸ਼ ਇੱਕ ਰਜ਼ਾਈ 'ਚ ਪਈ ਸੀ।

ਪਤਨੀ ਦੀ ਕੁੱਟਮਾਰ ਹੁਣ ਘਰੇਲੂ ਹਿੰਸਾ ਨਹੀਂ, ਬਸ ਹੱਡੀ ਨਹੀਂ ਟੁੱਟਣੀ ਚਾਹੀਦੀ - ਤਾਲਿਬਾਨ

ਕਾਬੁਲ: ਅਫ਼ਗ਼ਾਨਿਸਤਾਨ 'ਚ ਤਾਲਿਬਾਨ ਨੇ ਮਹਿਲਾਵਾਂ ਦੇ ਅਧਿਕਾਰਾਂ 'ਤੇ ਵੱਡਾ ਹਮਲਾ ਕਰਦਿਆਂ ਇੱਕ ਨਵਾਂ ਦੰਡ ਕਾਨੂੰਨ ਲਾਗੂ ਕੀਤਾ ਹੈ। ਇਸ ਨਵੇਂ ਕਾਨੂੰਨ ਮੁਤਾਬਿਕ ਜੇਕਰ ਪਤੀ ਆਪਣੀ ਪਤਨੀ ਜਾਂ ਬੱਚਿਆਂ ਦੀ ਕੁੱਟਮਾਰ ਕਰਦਾ ਹੈ ਤਾਂ ਉਸ ਨੂੰ ਘਰੇਲੂ ਹਿੰਸਾ ਨਹੀਂ ਮੰਨਿਆ ਜਾਵੇਗਾ ਬਸ਼ਰਤੇ ਕਿ ਕੁੱਟਮਾਰ ਦੌਰਾਨ ਉਨ੍ਹਾਂ ਦੀ ਕੋਈ ਹੱਡੀ ਨਾ ਟੁੱਟੇ ਜਾਂ ਕੋਈ ਖੁੱਲ੍ਹੀ ਸੱਟ ਨਾ ਲੱਗੇ।

ਤਾਲਿਬਾਨ ਦੇ ਸਰਵਉੱਚ ਨੇਤਾ ਹਿਬਤੁੱਲਾ ਅਖ਼ੁੰਦਜ਼ਾਦਾ ਵਲੋਂ ਦਸਤਖ਼ਤ ਕੀਤੇ ਗਏ ਇਸ 90 ਪੰਨਿਆਂ ਦੇ ਕਾਨੂੰਨ 'ਚ ਕਈ ਸਖ਼ਤ ਸ਼ਰਤਾਂ ਰੱਖੀਆਂ ਗਈਆਂ ਹਨ। ਜੇਕਰ ਕੋਈ ਮ